# ਅਣਡਿੱਠਾ ਪੈਰ੍ਹਾ

① ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਤੇ ਪ੍ਰਸ਼ਨਾਂ ਦੇ ਉੱਤਰ ਦਿਓ -

ਜਲ੍ਹਿਆਂ ਵਾਲੇ ਬਾਗ ਵਿੱਚ ਜਨਰਲ ਡਾਇਰ ਨੇ ਜੋ ਖੂਨ ਕੀਤਾ, ਉਹ ਉਸ ਦੀ ਮਿਥੀ ਮਿੱਥੀ ਸਾਜ਼ਿਸ਼ ਸੀ। ਇਸ ਗੱਲ ਦੇ ਪੱਕੇ ਪ੍ਰਮਾਣ ਮਿਲੇ ਹਨ ਕਿ ਉਹ ਪੰਜਾਬ ਦੇ ਲੋਕਾਂ ਨੂੰ ਅਜਿਹਾ ਸਬਕ ਸਿਖਾਉਣਾ ਚਾਹੁੰਦਾ ਸੀ ਕਿ ਸਾਰੇ ਭਾਰਤ ਵਾਸੀਆਂ ਨੂੰ ਦੇਰ ਹੋ ਜਾਏ। ਇੱਥੋਂ ਤਕ ਕਿ ਜਨਰਲ ਡਾਇਰ ਨੇ ਆਪਣੀ ਕਾਲੀ ਕਰਤੂਤ ਤੋਂ ਅਗਲੇ ਦਿਨ ਤੋਂ ਹੀ ਅੰਮ੍ਰਿਤਸਰ ਦੀ ਪਬਲਿਕ ਲਾਇਬ੍ਰੇਰੀ ਵਿਚ ਸੱਦੇ ਪਤਵੰਤਿਆਂ ਸਾਹਮਣੇ, ਬਿਨਾਂ ਝਿਜਕ ਇਹ ਗੱਲ ਕਹੀ ਸੀ, "ਤੁਸੀਂ ਸਰਕਾਰ ਦੇ ਵਿਰੁੱਧ ਗੱਲਾਂ ਕਰਦੇ ਹੋ। ਮੈਂ ਤੁਹਾਨੂੰ ਸਾਰਿਆਂ ਨੂੰ ਪੱਟ ਕੇ ਛਾਣ ਸਕਾਂਗਾ।" ਪਰ ਉਸ ਸ਼ਖ਼ਸ ਨੂੰ ਸ਼ਾਇਦ ਇਹ ਪਤਾ ਨਹੀਂ ਸੀ ਕਿ ਪੰਜਾਬੀਆਂ ਨੇ ਤਾਂ ਆਪਣੇ ਵਡੇਰਿਆਂ ਤੋਂ ਹੀ ਜਾਨ ਕੁਰਬਾਨ ਕਰਨ ਦੀ ਗੁੜ੍ਹਤੀ ਲਈ ਹੋਈ ਹੈ।

① ਉਪਰੋਕਤ ਪੈਰ੍ਹੇ ਦਾ ਸਿਰਲੇਖ ਦਿਓ।
② ਕਿਸ ਗੱਲ ਦੇ ਪੱਕੇ ਪ੍ਰਮਾਣ ਮਿਲੇ ਹਨ?
③ ਉਸ ਸ਼ਖ਼ਸ ਨੂੰ ਕੀ ਨਹੀਂ ਪਤਾ ਸੀ?
④ ਅੰਮ੍ਰਿਤਸਰ ਦੀ ਲਾਇਬ੍ਰੇਰੀ ਦਾ ਨਾਂ ਦੱਸੋ।
⑤ ਜਨਰਲ ਡਾਇਰ ਨੇ ਕੀ ਕਿਹਾ?

② ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।

ਸ਼ਾਇਦ ਬੱਚੇ ਬਣਾਉਣ ਲਈ ਬੱਚਿਆਂ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਸਤਿਕਾਰ ਬਿਨਾਂ ਕੋਈ ਸਖਸੀਅਤ ਨਹੀਂ ਬਣ ਸਕਦੀ। ਬੱਚਿਆਂ ਦਾ ਦਿਲੋਂ ਦੇ ਸਾਰਗਣੇ ਇਤਬਾਰ ਕਰਨਾ ਤੇ ਉਹਨਾਂ ਨੂੰ ਤਾਰਦੇ ਮਿਤਰਾਂ ਦੇ ਵਾਂਗ ਸਮਝਿਆ ਕਰਨਾ ਜ਼ਰੂਰ ਹੈ। ਜਿਤਨਾ ਸਮਾਨ ਕਰਨਾ ਔਖਾ ਹੈ। ਜਿੰਨੀ ਬੇਸ਼ਰਮੀ ਦੁਨੀਆ ਵਿਚ ਹੈ ਉਹ ਸਭ ਉਹਨਾਂ ਮਾਪਿਆਂ ਦੀ ਦੇਣ ਹੈ ਜਿਨਾਂ ਆਪਣੇ ਧੀਆਂ ਪੁੱਤਰਾਂ ਦੀ ਸਖਸੀਅਤ ਦਾ ਆਦਰ ਨਹੀਂ ਕੀਤਾ। ਉਨ੍ਹਾਂ ਨੂੰ ਹਰ ਵਿੱਤੀਆਂ ਝਿੜਕਿਆਂ ਤੇ ਛੋਟੀ ਉਮਰ ਵਿਚ ਤਾਰਨੇ ਦਿੱਤੇ। ਸਾਡੇ ਇਹ ਤੁੱਕ ਸਾਂਝੀਆਂ ਹਨ ਕਿ ਮਾਂ ਦੀਆਂ ਗਾਲ਼ਾਂ ਤੇ ਪਿਉ ਦੀਆਂ ਨਾਸ਼ਾਂ ਸਮਝੂ ਹੈ ਉਨ੍ਹਾਂ ਨੇ ਕਿੰਨੀਆਂ ਹੋਣਹਾਰ ਜਿੰਦਾਂ ਦੇ ਖ਼ੂਨ ਵਿਚ ਵਿਸ਼ ਰਸਾਇਆ ਹੈ।

(1) ਬੱਚਿਆਂ ਨੂੰ ਸ਼ਾਇਦ ਕਿਵੇਂ ਬਣਾਇਆ ਜਾ ਸਕਦਾ ਹੈ?
(2) ਦੁਨੀਆਂ ਵਿਚ ਬੇਸ਼ਰਮੀ ਕਿਉਂ ਹੈ?
(3) ਇਸ ਪੈਰ੍ਹੇ ਦਾ ਸਿਰਲੇਖ ਲਿਖੋ।
(4) ਸਤਿਕਾਰ ਬਿਨਾਂ ਕੀ ਨਹੀਂ ਹੋ ਸਕਦਾ?
(5) ਕਿਸ ਨੇ ਹੋਣਹਾਰ ਬੱਚਿਆਂ ਦੇ ਖ਼ੂਨ ਵਿਚ ਵਿਸ਼ ਰਸਾਇਆ ਹੈ?

Scanned with CamScanner